# 3
# ਐਲਡਰਾਂ ਦੀ ਭੂਮਿਕਾ

ਹਰ ਕੋਈ ਇਸ ਗੱਲ ਤੇ ਸਹਿਮਤ ਹੋਵੇਗਾ ਕਿ ਨਵੇਂ ਨੇਮ ਦੀ ਕਲੀਸੀਆ ਵਿਚ ਐਲਡਰ ਹੁੰਦੇ ਸਨ (ਰਸੂਲਾਂ ਦੇ ਕੰਮ 11:30; 14:23; 15:6; ਫ਼ਿਲਿੱਪੀਆਂ 1:1; ਤੀਤੁਸ 1:5; 1 ਪਤਰਸ 5:1-5)। ਪਰ ਸ਼ਾਇਦ ਉਨ੍ਹਾਂ ਦੇ ਕੰਮ ਦੀ ਗੱਲ ਬਾਰੇ ਸਭ ਸਹਿਮਤ ਨਹੀਂ ਹਨ। ਜੇ ਅਸੀਂ ਨਵੇਂ ਨੇਮ ਨੂੰ ਮੰਨਦੇ ਹਾਂ, ਤਾਂ ਸਥਾਨਕ ਕਲੀਸੀਆ ਵਿਚ ਐਲਡਰਾਂ ਦਾ ਕੰਮ ਜਾਂ ਉਨ੍ਹਾਂ ਦੀ ਭੂਮਿਕਾ ਕੀ ਹੈ? ਪਵਿੱਤਰ ਆਤਮਾ ਲੋਕਾਂ ਨੂੰ ਐਲਡਰ ਬਣਾਉਂਦਾ ਹੈ। ਰਸੂਲਾਂ ਦੇ ਕੰਮ 20:28 ਆਖਦਾ ਹੈ, ''ਤੁਸੀਂ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ ਜੋ ਖ਼ੁਦਾ ਦੀ ਕਲੀਸੀਆ ਦੀ ਚਰਵਾਹੀ ਕਰੋ ਜਿਹਨੂੰ ਉਸ ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ।'' ਉਹ ਉਨ੍ਹਾਂ ਨੂੰ ਕੀ ਕੰਮ ਕਰਨ ਲਈ ਆਖਦਾ ਹੈ ਅਤੇ ਉਨ੍ਹਾਂ ਤੋਂ ਇਹ ਕਿਵੇਂ ਕਰਨ ਦੀ ਆਸ ਰੱਖਦਾ ਹੈ।

## ਐਲਡਰ ਕੀ ਕਰਦੇ ਹਨ?

ਅੱਜ ਦੇ ਯੁੱਗ ਵਿਚ ਐਲਡਰਾਂ ਨੂੰ ਆਮ ਤੌਰ ਤੇ ਕਿਸੇ ਵੱਡੀ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਵਾਂਗ ਕੰਮ ਕਰਨ ਵਾਂਗ ਵੇਖਿਆ ਜਾਂਦਾ ਹੈ। ਕੀ ਪ੍ਰਭੂ ਉਨ੍ਹਾਂ ਲਈ ਇਵੇਂ ਹੀ ਚਾਹੁੰਦਾ ਸੀ?

### ਨਵੇਂ ਨੇਮ ਵਿਚ ਐਲਡਰਾਂ ਨੂੰ ਕੀ ਕੰਮ ਦਿੱਤਾ ਗਿਆ ਹੈ?

*ਸਭ ਤੋਂ ਪਹਿਲਾਂ ਤਾਂ, ਐਲਡਰਾਂ ਦਾ ਵਫ਼ਾਦਾਰ ਰਹਿਣਾ ਜ਼ਰੂਰੀ ਹੈ।* ਪੌਲੁਸ ਨੇ ਅਫ਼ਸੁਸ ਦੇ ਐਲਡਰਾਂ ਨੂੰ ਕਿਹਾ, ''ਤੁਸੀਂ ਆਪਣੀ, ਨਾਲੇ ਸਾਰੇ ਇੱਜੜ ਦੀ ਖਬਰਦਾਰੀ ਕਰੋ'' (ਰਸੂਲਾਂ ਦੇ ਕੰਮ 20:28; NRSV)। ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਆਪਣੇ ਆਪ ਨੂੰ ਪਾਪ ਤੋਂ ਬਾਹਰ ਅਤੇ ਵਿਸ਼ਵਾਸ ਦੇ ਅੰਦਰ ਰੱਖਣਾ ਹੈ। ਇਹ ਗੱਲ ਖਾਸ ਤੌਰ ਤੇ ਹੋਰ ਵੀ ਅਹਿਮ ਹੋ ਜਾਂਦੀ ਹੈ ਜਦ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ 1 ਪਤਰਸ 5:3 ਮੁਤਾਬਿਕ, ਐਲਡਰਾਂ ਦਾ ਮੁੱਖ ਕੰਮ ਨਮੂਨਾ ਦੇ ਕੇ ਅਗਵਾਈ ਕਰਨਾ ਹੈ।

ਇਬਰਾਨੀਆਂ 13 ਅਧਿਆਇ ਦੀਆਂ ਦੋ ਆਇਤਾਂ ਤੇ ਧਿਆਨ ਦਿਓ। ਇਬਰਾਨੀਆਂ 13:17 ਆਖਦਾ ਹੈ, ''ਤੁਸੀਂ ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਉਨ੍ਹਾਂ ਦੇ ਅਧੀਨ ਰਹੋ,'' ਜਦ ਕਿ ਆਇਤ 7 ਆਖਦੀ ਹੈ, ''ਤੁਸੀਂ ਆਪਣੇ ਆਗੂਆਂ ਨੂੰ ਚੇਤੇ ਰੱਖੋ ਜਿਨ੍ਹਾਂ ਤੁਹਾਨੂੰ ਪਰਮੇਸ਼ੁਰ ਦਾ ਵਚਨ ਸੁਣਾਇਆ। ਉਨ੍ਹਾਂ ਦੀ ਚਾਲ ਦੇ ਓੜਕ ਵੱਲ ਧਿਆਨ ਕਰ ਕੇ ਉਨ੍ਹਾਂ ਦੀ ਨਿਹਚਾ ਦੀ ਰੀਸ ਕਰੋ।'' ਇਨ੍ਹਾਂ ਦੋਹਾਂ ਆਇਤਾਂ ਵਿਚ ਵੱਡਾ ਫ਼ਰਕ ਇਹ ਹੈ ਕਿ ਆਇਤ 7 ਵਿਚਲੇ ਆਗੂ ਮਰ ਚੁੱਕੇ ਸਨ, ਜਦ ਕਿ ਆਇਤ 17 ਵਿਚਲੇ ਆਗੂ ਅਜੇ ਵੀ ਉਨ੍ਹਾਂ ਵਿਚ ਸਨ। ਜੇ ਇਹ ਗੱਲ ਹੈ, ਭਾਵੇਂ ਥੋੜ੍ਹੀ ਹੀ ਹੋਵੇ, ਤਾਂ ਇਹਦਾ ਮਤਲਬ ਇਹ ਹੈ ਕਿ ਆਗੂ

ਹੋਣ ਕਰਕੇ ਐਲਡਰ ਦੀ ਜ਼ਿੰਦਗੀ ਦੂਜਿਆਂ ਲਈ ਐਨਾ ਵਧੀਆ ਨਮੂਨਾ ਹੋਣੀ ਚਾਹੀਦੀ ਹੈ ਕਿ ਲੋਕ ਕਹਿ ਸਕਣ, ''ਉਸ ਨੂੰ ਚੇਤੇ ਰੱਖੋ ... ਉਹਦੇ ਵਿਸ਼ਵਾਸ ਦੀ ਰੀਸ ਕਰੋ।''

*ਦੂਜਾ, ਐਲਡਰਾਂ ਨੂੰ ਰਹਿਨੁਮਾਈ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।* ਐਲਡਰ ਵਾਸਤੇ ਵਰਤੇ ਜਾਣ ਵਾਲੇ ਸਭ ਸ਼ਬਦ ''ਐਲਡਰ,'' ''ਬਿਸ਼ਪ,'' ''ਪਾਸਟਰ/ਪਾਸਬਾਨ'' ਅਤੇ ''ਅਯਾਲੀ'' ਸਭ ਅਗਵਾਈ ਦੇਣ ਦੇ ਹੀ ਸੰਕੇਤ ਦਿੰਦੇ ਹਨ। ਪੁਰਾਣੇ ਨੇਮ ਦੇ ਸਮੇਂ ਰਾਜਿਆਂ ਨੂੰ ਅਯਾਲੀਆਂ ਦੇ ਰੂਪ ਵਿਚ ਮੰਨਿਆ ਜਾਂਦਾ ਸੀ। ਪੁਰਾਣੇ ਨੇਮ ਦੇ ਸਮੇਂ ਐਲਡਰਾਂ ਨੂੰ ਰਹਿਬਰ ਦੇ ਰੂਪ ਵਿਚ ਜਾਣਿਆ ਜਾਂਦਾ ਸੀ, ਅਤੇ ਨਵੇਂ ਨੇਮ ਦੇ ਯੁੱਗ ਵਿਚ ਐਲਡਰ ਯੂਨਾਨੀ ਅਤੇ ਯਹੂਦੀ ਦੋਹਾਂ ਸਮਾਜਾਂ ਵਿਚ ਰਹਿਬਰ ਸਨ।

ਕੁਝ ਆਇਤਾਂ ਤੋਂ ਪਤਾ ਲੱਗਦਾ ਹੈ ਕਿ ਐਲਡਰ ਕਲੀਸੀਆ ਤੇ ''ਹਕੂਮਤ'' ਕਰਦੇ ਹਨ। 1 ਤਿਮੋਥਿਉਸ 5:17 ਆਖਦਾ ਹੈ, ''ਓਹ ਬਜ਼ੁਰਗ ਜਿਹੜੇ ਚੰਗਾ ਪ੍ਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ।'' ਇਬਰਾਨੀਆਂ 13:7 ਉਨ੍ਹਾਂ ਦੀ ਗੱਲ ਕਰਦਾ ਹੈ ''ਜੋ ਤੁਹਾਡੇ ਉੱਤੇ ਹਕੂਮਤ ਕਰਦੇ ਹਨ'' (KJV; ਪੰਜਾਬੀ ਬਾਈਬਲ ਵਿਚ ''ਜੋ ਤੁਹਾਡੇ ਆਗੂ ਹਨ'')। ਕਲੀਸੀਆ ਦੇ ਮੈਂਬਰਾਂ ਲਈ ਆਪਣੇ ਆਗੂਆਂ (ਐਲਡਰਾਂ) ਦੇ ਅਧੀਨ ਹੋਣਾ ਜ਼ਰੂਰੀ ਹੈ: ''ਤੁਸੀਂ ਆਪਣੇ ਆਗੂਆਂ ਦੀ ਮੰਨੋ; ਅਤੇ ਉਨ੍ਹਾਂ ਦੇ ਅਧੀਨ ਰਹੋ'' (ਇਬਰਾਨੀਆਂ 13:17; ਤੁਲਨਾ 1 ਪਤਰਸ 5:5)।

ਇਨ੍ਹਾਂ ਆਇਤਾਂ ਦੀ ਕੀ ਅਹਿਮੀਅਤ ਹੈ। ਮੂਲ ਰੂਪ ਵਿਚ ਇਹ ਇਨ੍ਹਾਂ ਆਇਤਾਂ ਦਾ ਅਰਥ ਹੈ ਕਿ ਐਲਡਰਾਂ ਨੂੰ ਕਲੀਸੀਆ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਐਲਡਰਾਂ ਨੂੰ ਕਲੀਸੀਆ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਐਲਡਰ ਉਨ੍ਹਾਂ ਲੋਕਾਂ ਨੂੰ ਜੋ ਘੱਟ ਕਾਬਿਲ ਜਾਂ ਅਗਵਾਈ ਕਰਨ ਵਿਚ ਘੱਟ ਰੂਹਾਨੀ ਹਨ, ਆਗਿਆ ਦੇ ਕੇ ਅਗਵਾਈ ਕਰਨ ਦੀ ਆਪਣੀ ਭੂਮਿਕਾ ਨੂੰ ਤਿਆਗ ਨਹੀਂ ਸਕਦੇ ਅਤੇ ਨਾ ਹੀ ਉਨ੍ਹਾਂ ਨੂੰ ਤਿਆਗਣੀ ਚਾਹੀਦੀ ਹੈ; ਨਾ ਹੀ ਉਨ੍ਹਾਂ ਨੂੰ ਕਲੀਸੀਆ ਨੂੰ ਭਟਕਣ ਲਈ ਭਾਵ ਬਿਨਾਂ ਅਗਵਾਈ ਦੇ ਛੱਡਣਾ ਚਾਹੀਦਾ ਹੈ।

ਜ਼ਰੂਰੀ ਨਹੀਂ ਕਿ ਇਸ ਸਚਾਈ ਦਾ ਕਿ ਐਲਡਰਾਂ ਦਾ ਕੰਮ ਅਗਵਾਈ ਕਰਨਾ ਹੈ, ਦਾ ਅਰਥ ਬੋਰਡ ਜਾਂ ਫ਼ੌਜ ਦੇ ਸਾਰਜੈਂਟ ਵਾਂਗ ਹਕੂਮਤ ਕਰਨਾ ਹੋਵੇ। ਭਾਵੇਂ ''ਬਿਸ਼ਪ'' ਜਾਂ ''ਨਿਗਾਹਬਾਨ'' (*episkopos*) ਦਾ ਅਰਥ ਤਾਨਾਸ਼ਾਹੀ ਵਾਂਗ ਅਗਵਾਈ ਕਰਨਾ ਮੰਨਿਆ ਜਾ ਸਕਦਾ ਹੈ, ਪਰ ਜ਼ਰੂਰੀ ਨਹੀਂ ਕਿ ਇਸ ਦਾ ਅਰਥ ਇਹੀ ਹੋਵੇ। ਇਸ ਸ਼ਬਦ ਦੇ ਕਿਰਿਆ ਰੂਪ ਦਾ ਅਰਥ ਹੈ ''ਸੰਭਾਲ ਕਰਨਾ।''

*ਤੀਜਾ, ਐਲਡਰਾਂ ਦਾ ਕੰਮ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਇੱਜੜ ਦੀ ਰਾਖੀ ਕਰਨਾ ਹੁੰਦਾ ਹੈ।* ਪੌਲੁਸ ਨੇ ਅਫ਼ਸੁਸ ਦੇ ਐਲਡਰਾਂ ਨੂੰ ਆਪਣੀ ਅਤੇ ਉਸ ਇੱਜੜ ਦੀ ਰਖਵਾਲੀ ਕਰਨ ਲਈ ਕਹਿਣ ਦੇ ਬਾਅਦ ਚਿਤਾਵਨੀ ਦਿੱਤੀ, ''ਮੈਂ ਜਾਣਦਾ ਹਾਂ ਜੋ ਮੇਰੇ ਜਾਣ ਦੇ ਪਿੱਛੋਂ ਬੁਰੇ ਬੁਰੇ ਬਘਿਆੜ ਤੁਹਾਡੇ ਵਿਚ ਆ ਵੜਨਗੇ ਜੋ ਇੱਜੜ ਨੂੰ ਨਾ ਛੱਡਣਗੇ। ਅਤੇ ਤੁਹਾਡੇ ਆਪਣੇ ਹੀ ਵਿੱਚੋਂ ਕਈ ਪੁਰਖ ਖੜੇ ਹੋਣਗੇ ਜਿਹੜੇ ਉਲਟੀਆਂ ਗੱਲਾਂ ਕਰਨਗੇ ਕਿ ਚੇਲਿਆਂ ਨੂੰ ਆਪਣੀ ਵੱਲ ਖਿੱਚ ਲੈ ਜਾਣ'' (ਰਸੂਲਾਂ ਦੇ ਕੰਮ 20:29, 30)। ਸਾਫ਼ ਹੈ ਕਿ ਅਜਿਹੇ ਬਘਿਆੜਾਂ ਤੋਂ ਇੱਜੜ ਨੂੰ ਬਚਾਉਣ ਦੀ ਜ਼ਿੰਮੇਵਾਰੀ ਐਲਡਰਾਂ ਦੀ ਹੀ ਸੀ। ਤੀਤੁਸ 1:9-11 ਵਿਚ ਪੌਲੁਸ ਨੇ ਕਿਹਾ ਕਿ ਐਲਡਰ ਲਈ ਜ਼ਰੂਰੀ ਹੈ ਕਿ ਉਹ ''ਨਿਹਚਾਯੋਗ ਵਚਨ ਨੂੰ ... ਫੜੀ ਰੱਖੇ ਭਈ

ਉਹ ਖਰੀ ਸਿੱਖਿਆ ਨਾਲ ਉਪਦੇਸ਼ ਕਰੇ ਨਾਲੇ ਢੁੱਚਰ ਡਾਹੁਣ ਵਾਲਿਆਂ ਨੂੰ ਕਾਇਲ ਕਰ ਸਕੇ।'' ਸ਼ਾਇਦ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਕਲੀਸੀਆ ਦੀ ਰਖਵਾਲੀ ਕਰਨਾ ਐਲਡਰਾਂ ਦਾ ਸਭ ਤੋਂ ਅਹਿਮ ਕੰਮ ਸੀ।

ਬਹੁਤ ਸਾਰੇ ਕੰਮਾਂ ਵਿਚ ਐਲਡਰ ਆਪਣਾ ਨਮੂਨਾ ਦੇ ਕੇ, ਸਮਝਾ ਕੇ, ਅਤੇ ਸਿੱਖਿਆ ਦੇ ਕੇ ਰਹਿਨੁਮਾਈ ਕਰਦੇ ਹਨ। ਪਰ ਝੂਠੀ ਸਿੱਖਿਆ ਦੇਣ ਵਾਲਿਆਂ ਦੇ ਸਬੰਧ ਵਿਚ ਐਲਡਰਾਂ ਦੀ ਜ਼ਿੰਮੇਵਾਰੀ ਬਹੁਤ ਸਾਫ਼ ਹੈ। ਜੇ ਝੂਠੀ ਸਿੱਖਿਆ ਦੇਣ ਵਾਲੇ ਇੱਜੜ ਦੀ ਅਗਵਾਈ ਕਰ ਰਹੇ ਹਨ ਜਿਸ ਨਾਲ ਭੇਡਾਂ ਦਾ ਹਮੇਸ਼ਾ ਲਈ ਨਾਸ ਹੁੰਦਾ ਹੈ, ਤਾਂ ਸੱਚਾਈ ਲਈ ਖੜੇ ਹੋਣਾ ਅਤੇ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਇੱਜੜ ਨੂੰ ਬਚਾਉਣ ਲਈ ਐਲਡਰਾਂ ਨੂੰ ਹਰ ਜਾਇਜ਼, ਨੈਤਿਕ ਇਖ਼ਲਾਕੀ ਢੰਗ ਅਪਣਾਉਣਾ ਜ਼ਰੂਰੀ ਹੈ।

*ਚੌਥਾ, ਐਲਡਰਾਂ ਲਈ ਇੱਜੜ ਦੇ ਅਯਾਲੀਆਂ ਦੇ ਰੂਪ ਵਿਚ ਕੰਮ ਕਰਨਾ ਜ਼ਰੂਰੀ ਹੈ।* ਅਫ਼ਸੀਆਂ 4:11 ਵਿਚ ਉਨ੍ਹਾਂ ਨੂੰ ''ਨਿਗਾਹਬਾਨ/ਪਾਸਬਾਨ'' ਜਾਂ ''ਅਯਾਲੀ'' ਕਿਹਾ ਗਿਆ ਹੈ। ਰਸੂਲਾਂ ਦੇ ਕੰਮ 20:28 (NRSV) ਵਿਚ ਉਨ੍ਹਾਂ ਨੂੰ ''ਖ਼ੁਦਾ ਦੀ ਕਲੀਸੀਆ ਦੀ ਚਰਵਾਹੀ'' ਅਤੇ 1 ਪਤਰਸ 5:2 ਵਿਚ ''ਖ਼ੁਦਾ ਦੇ ਇੱਜੜ ਦੀ ਚਰਵਾਹੀ *[ਜਾਂ ਪਾਸਬਾਨੀ]*'' ਕਰਨ ਲਈ ਕਿਹਾ ਗਿਆ ਹੈ।

''ਚਰਵਾਹੀ'' ਕਰਨ ਲਈ ਕੀ-ਕੀ ਕਰਨਾ ਪੈਂਦਾ ਹੈ। ਇਸ ਲਈ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਬਚਾਉਣਾ ਜ਼ਰੂਰੀ ਹੈ, ਪਰ ਇਨ੍ਹਾਂ ਨੂੰ ਚਰਾਉਣਾ (ਸਿਖਾਉਣਾ) ਜਾਂ ਇਹ ਵੇਖਣਾ ਕਿ ਉਨ੍ਹਾਂ ਖਾ ਲਿਆ ਹੈ (ਜਾਂ ਸਿੱਖ ਗਿਆ ਹੈ) ਜਾਂ ਉਨ੍ਹਾਂ ਨੂੰ ਹੋਰ ਖਾਣਾ ਚਾਹੀਦਾ ਹੈ।

''ਇੱਜੜ ਦੀ ਰਖਵਾਲੀ'' ਕਰਨ ਦਾ ਅਰਥ ਸਮਝਣ ਲਈ, ਸਾਨੂੰ ਪੁਰਾਣੇ ਜ਼ਮਾਨੇ ਦੇ ਅਯਾਲੀ ਦੀ ਕਲਪਨਾ ਕਰਨੀ ਪਵੇਗੀ। ਅੱਜ ਕਈ ਥਾਂ ਲੋਕ ਭੇਡਾਂ ਨੂੰ ਮੋਟਰ ਸਾਈਕਲ ਜਾਂ ਕੁੱਤਿਆਂ ਦੇ ਰਾਹੀਂ ਚਾਰਦੇ ਹਨ। ਚੰਗੇ ਅਯਾਲੀਆਂ ਅਤੇ ਭੇਡਾਂ ਨਾਲ ਉਨ੍ਹਾਂ ਦੇ ਸਬੰਧ ਲਈ, ਲੂਕਾ 15:3-7 ਤੇ ਵਿਚਾਰ ਕਰੋ: ਜਿਸ ਵਿਚ ਅਯਾਲੀ ਆਪਣੀ ਜਾਨ ਤਲੀ ਤੇ ਰੱਖ ਕੇ ਵੀ ਗੁਆਚੀ ਹੋਈ ਭੇਡ ਨੂੰ ਲੱਭਣ ਲਈ ਚੱਲ ਪਿਆ। ਯੂਹੰਨਾ 10:1-17 ਤੇ ਵਿਚਾਰ ਕਰੋ: ਅੱਛਾ ਅਯਾਲੀ ਆਪਣੀਆਂ ਭੇਡਾਂ ਦੇ ਨਾਂ ਲੈ ਕੇ ਸੱਦਦਾ ਹੈ ... ਉਹ ਉਨ੍ਹਾਂ ਦੀ ਅਗਵਾਈ ਕਰਦਾ ਹੈ ... ਉਹ ਉਨ੍ਹਾਂ ਲਈ ਆਪਣੀ ਜਾਨ ਦਿੰਦਾ ਹੈ ... ਉਹ ਆਪਣੀਆਂ ਭੇਡਾਂ ਨੂੰ ਪਛਾਣਦਾ ਹੈ। ਜ਼ਬੂਰ 23 ਤੇ ਵਿਚਾਰ ਕਰੋ: ਅਯਾਲੀ ਦੇ ਕਾਰਣ ਹੀ ਭੇਡਾਂ ਆਖ ਸਕਦੀਆਂ ਹਨ, ''ਮੈਨੂੰ ਥੁੜ ਨਹੀਂ ਹੋਵੇਗੀ।'' ਭੇਡਾਂ ਨੂੰ ਕੁਝ ਥੁੜ ਨਾ ਹੋਵੇਗੀ ਕਿਉਂਕਿ ਅਯਾਲੀ ਉਨ੍ਹਾਂ ਲਈ ਸਭ ਕੁਝ ਮੁਹੱਈਆ ਕਰਵਾਉਂਦਾ ਹੈ।

ਇਸ ਦੀ ਤੁਲਨਾ ਹਿਜ਼ਕੀਏਲ 34:2-6 ਵਿਚ ਇਸਰਾਏਲ ਦੇ ਦੁਸ਼ਟ ਅਯਾਲੀ (ਰਾਜਿਆਂ, ਰਾਜ ਕੁਮਾਰਾਂ ਅਤੇ ਝੂਠੇ ਨਬੀਆਂ) ਨਾਲ ਕਰੋ:

> ''ਅਗੰਮ ਵਾਚ, ਇਸਰਾਏਲੀ ਆਜੜੀਆਂ ਦੇ ਵਿਰੁੱਧ ਅਗੰਮ ਵਾਚ ਅਤੇ ਤੂੰ ਉਨ੍ਹਾਂ ਨੂੰ ਆਖ, ਪ੍ਰਭੂ ਯਹੋਵਾਹ ਆਜੜੀਆਂ ਨੂੰ ਐਉਂ ਫ਼ਰਮਾਉਂਦਾ ਹੈ, ਇਸਰਾਏਲੀ ਆਜੜੀਆਂ ਤੇ ਅਫ਼ਸੋਸ! ਜਿਹੜੇ ਆਪਣੇ ਆਪ ਨੂੰ ਪਾਲਦੇ ਹਨ, ਕੀ ਆਜੜੀਆਂ ਨੂੰ ਨਹੀਂ ਚਾਹੀਦਾ ਕਿ ਭੇਡਾਂ ਨੂੰ ਚਾਰਨ? ਤੁਸੀਂ ਚਰਬੀ ਖਾਂਦੇ ਅਤੇ ਉਨ ਪਹਿਨਦੇ ਹੋ ਅਤੇ ਮੋਟੀਆਂ ਨੂੰ ਕੱਟਦੇ ਹੋ ਪਰ ਇੱਜੜ ਨੂੰ ਕੱਟਦੇ ਹੋ ਪਰ ਇੱਜੜ ਨਹੀਂ ਚਾਰਦੇ ਤੁਸਾਂ

> ਲਿੱਸੀਆਂ ਨੂੰ ਤਕੜਾ ਨਹੀਂ ਕੀਤਾ, ਟੁੱਟੇ ਹੋਏ ਨੂੰ ਨਹੀਂ ਬੰਨ੍ਹਿਆਂ ਅਤੇ ਜਿਹੜੀਆਂ ਕੱਢ ਦਿੱਤੀਆਂ ਗਈਆਂ ਉਨ੍ਹਾਂ ਨੂੰ ਮੋੜ ਕੇ ਨਹੀਂ ਲਿਆਂਦਾ ਅਤੇ ਗੁਆਚੀਆਂ ਹੋਈਆਂ ਨੂੰ ਨਹੀਂ ਢੂੰਡਿਆ ਸਗੋਂ ਜ਼ੋਰ ਅਤੇ ਧੱਕੇ ਨਾਲ ਉਨ੍ਹਾਂ ਤੇ ਰਾਜ ਕੀਤਾ ਅਤੇ ਉਹ ਖਿੱਲਰ ਪੁੱਲਰ ਗਏ ਕਿਉਂ ਜੋ ਕੋਈ ਆਜੜੀ ਨਹੀਂ ਸੀ ਅਤੇ ਉਹ ਖੇਤ ਦੇ ਸਾਰੇ ਦਰਿੰਦਿਆਂ ਦਾ ਖਾਜਾ ਬਣੀਆ ਅਤੇ ਖਿੱਲਰ ਗਈਆਂ। ਮੇਰੀਆਂ ਭੇਡਾਂ ਸਾਰੇ ਪਰਬਤਾਂ ਤੇ ਅਤੇ ਹਰੇਕ ਉੱਚੇ ਟਿੱਬੇ ਤੇ ਭਟਕਦੀਆ ਸਨ। ਹਾਂ, ਮੇਰੀਆਂ ਭੇਡਾਂ ਸਾਰੀ ਧਰਤੀ ਤੇ ਖਿੱਲਰ ਪੁੱਲਰ ਗਈਆਂ ਅਤੇ ਕਿਸੇ ਨੇ ਨਾ ਉਨ੍ਹਾਂ ਨੂੰ ਢੂੰਡਿਆ, ਨਾ ਉਨ੍ਹਾ ਦੀ ਭਾਲ ਕੀਤੀ।''

*ਪੰਜਵਾਂ, ਐਲਡਰਾਂ ਦਾ ਕੰਮ ਇੱਜੜ ਦੀਆਂ ਜਾਨਾਂ ਦੀ ਰਖਵਾਲੀ ਕਰਨਾ ਹੁੰਦਾ ਹੈ।* ਇਬਰਾਨੀਆਂ 13:17 ਆਖਦਾ ਹੈ, ''ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਉਨ੍ਹਾਂ ਦੇ ਅਧੀਨ ਰਹੋ ਕਿਉਂ ਜੋ ਓਹ ਉਨ੍ਹਾਂ ਵਾਂਙੁ ਜਿਨ੍ਹਾਂ ਲੇਖਾ ਦੇਣਾ ਹੈ ਤੁਹਾਡੀਆਂ ਜਾਨਾਂ ਦੇ ਨਮਿੱਤ ਜਾਗਦੇ ਰਹਿੰਦੇ ਹਨ ਭਈ ਓਹ ਇਹ ਕੰਮ ਅਨੰਦ ਨਾਲ ਕਰਨ ਨਾ ਹੌਕੇ ਭਰ ਭਰ ਕੇ ਕਿਉਂ ਜੋ ਇਹ ਤੁਹਾਡੇ ਲਈ ਲਾਭਵੰਤ ਨਹੀਂ।'' ਇੱਥੇ ''ਐਲਡਰਾਂ'' ਲਈ ਕੋਈ ਆਮ ਯੂਨਾਨੀ ਸ਼ਬਦ ਨਹੀਂ ਵਰਤਿਆ ਗਿਆ। ਪਰ ਇਸ ਅਸਲੀਅਤ ਨੂੰ ਧਿਆਨ ਵਿਚ ਰੱਖਦਿਆਂ ਕਿ ਕਿਸੇ ਨੂੰ ਵੀ ਸਥਾਨਕ ਕਲੀਸੀਆ ਦੇ ਆਗੂ ਦੇ ਰੂਪ ਵਿਚ ਇਕੱਲਾ ਨਹੀਂ ਰੱਖਿਆ ਗਿਆ, ਇਹ ਸਾਫ਼ ਲਗਦਾ ਹੈ ਕਿ ''ਆਗੂਆਂ'' ਸ਼ਬਦ ਦੇ ਰਾਹੀਂ ''ਐਲਡਰਾਂ'' ਵੱਲ ਹੀ ਇਸ਼ਾਰਾ ਕੀਤਾ ਗਿਆ ਹੈ। ਇਸ ਆਇਤ ਵਿਚ ''ਆਗੂਆਂ'' ਜਾਂ ''ਐਲਡਰਾਂ'' ਦਾ ਕੰਮ ਲੋਕਾਂ ਦੀਆਂ ਜਾਨਾਂ ਦੀ ਰਖਵਾਲੀ ਕਰਨਾ ਹੈ, ਜੋ ਅਜਿਹੀ ਜ਼ਿੰਮੇਵਾਰੀ ਹੈ ਜਿਸ ਦਾ ਇਕ ਦਿਨ ਹਿਸਾਬ ਮੰਗਿਆ ਜਾਵੇਗਾ।

ਇਸ ਆਗਿਆ ਵਿਚ ਬਹੁਤ ਵੱਡੀ ਜਿੰਮੇਵਾਰੀ ਦਾ ਪਤਾ ਲਗਦਾ ਹੈ। ਇਕ ਪ੍ਰਚਾਰਕ ਦਾ ਕਹਿਣਾ ਸੀ ਕਿ ਜਦ ਕੋਈ ਐਲਡਰ ਕਿਸੇ ਪੁਰਾਣੇ ਮੈਂਬਰ ਦੀ ਕਬਰ ਦੇ ਕੋਲੋਂ ਦੀ ਲੰਘੇ, ਤਾਂ ਉਹਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ, ''ਕੀ ਇਹ ਤੈਅ ਕਰਨ ਲਈ ਕਿ ਭਰਾ (ਜਾਂ ਭੈਣ) ਸੁਰਗ ਵਿਚ ਜਾਣ ਮੈਂ ਆਪਣੀ ਪੂਰੀ ਕੋਸ਼ਿਸ਼ ਕੀਤੀ ਸੀ?'' ਇਸ ਦੇ ਇਲਾਵਾ, ਇਸ ਆਗਿਆ ਵਿਚ ਜਿੰਮੇਵਾਰੀ ਵੀ ਹੈ। ਬੇਸ਼ੱਕ ਐਲਡਰ ਦੂਜੇ ਲੋਕਾਂ ਨੂੰ ਮਸੀਹ ਵਿਚ ਲਿਆਉਣ ਦੀ ਕੋਸ਼ਿਸ਼ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਕਰਨੀ ਵੀ ਚਾਹੀਦੀ ਹੈ, ਤਾਂ ਵੀ ਉਨ੍ਹਾਂ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਅਗਵਾਈ ਕਰਨਾ ਹੈ ਜੋ ਪਹਿਲਾਂ ਤੋਂ ਸੰਗਤੀ ਵਿਚ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਮੁੱਖ ਕੋਸ਼ਿਸ਼ ਕੀ ਹੋਣੀ ਚਾਹੀਦੀ ਹੈ।

*ਛੇਵਾਂ, ਇਵੈਂਜਲਿਸਟਾਂ (ਖੁਸ਼ਖਬਰੀ ਦੇ ਪ੍ਰਚਾਰਕਾਂ) ਅਤੇ ਉਪਦੇਸ਼ਕਾਂ ਦੇ ਨਾਲ-ਨਾਲ ਐਲਡਰਾਂ ਨੂੰ ਵੀ ਹਰ ਮੈਂਬਰ ਦੀ ਸੇਵਾ ਕਰਨ ਦੇ ਯੋਗ ਹੋਣਾ ਚਾਹੀਦਾ ਹੈ, ਜਿਸ ਨਾਲ ਕਲੀਸੀਆ ਵਧ ਸਕੇ।* ਅਫ਼ਸੀਆਂ 4:11, 12 ਦਾ ਇਹੀ ਸੰਦੇਸ਼ ਹੈ, ''ਉਹਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪ੍ਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ। ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉੱਸਰਦੀ ਜਾਵੇ।'' ਇਸ ਲਈ ਐਲਡਰ (ਜਾਂ ਇਵੈਂਜਲਿਸਟ ਜਾਂ ਉਪਦੇਸ਼ਕ) ਦਾ ਕੰਮ ਸੇਵਾ ਕਰਨਾ ਐਨਾ ਨਹੀਂ ਜਿੰਨਾਂ ਸੇਵਾ ਲਈ ਮੈਂਬਰਾਂ ਦੀ ਅਗਵਾਈ ਕਰਨਾ ਅਤੇ ਖਾਸ ਤੌਰ ਤੇ ਇਹ ਵੇਖਣਾ ਹੈ ਕਿ ਉਹਨੇ ਦੂਜੀਆਂ ਨੂੰ ਸੇਵਾ ਲਈ ਤਿਆਰ ਹੋਣ ਵਿਚ ਮਦਦ ਕੀਤੀ ਹੈ ਜਾਂ ਨਹੀਂ।

**ਮੰਡਲੀਆਂ ਨੂੰ ਐਲਡਰਾਂ ਦੀ ਅਗਵਾਈ ਵਿਚ ਕਿਵੇਂ ਚਲਣਾ ਚਾਹੀਦਾ ਹੈ?**

*ਕਲੀਸੀਆ ਦੇ ਲੋਕਾ ਨੂੰ ਮਜ਼ਬੂਤ ਅਗਵਾਈ ਦੀ ਗੱਲ ਖੁਸ਼ੀ ਨਾਲ ਮੰਨਣੀ ਚਾਹੀਦੀ ਹੈ।* ਐਲਡਰਾਂ ਨੂੰ ਆਗਿਆ ਦੇਣ ਦੇ ਬਾਅਦ, ਪਤਰਸ ਨੇ ਲਿਖਿਆ, ‘‘ਇਸੇ ਤਰ੍ਹਾਂ ਹੇ ਜੁਆਨੋ, ਬਜ਼ੁਰਗਾਂ ਦੇ ਅਧੀਨ ਹੋਵੋ’’ (1 ਪਤਰਸ 5:5)। ਐਲਡਰਾਂ ਨੂੰ ਉਹ ਕਲੀਸੀਆ ਵਿਚ ‘‘ਅਖ਼ਤਿਆਰ ਵਾਲਿਆਂ’’ ਦੇ ਰੂਪ ਵਿਚ ਸੰਬੋਧਿਤ ਕਰ ਰਿਹਾ ਸੀ, ਇਸ ਲਈ ਸ਼ਾਇਦ ਨੌਜੁਆਨਾਂ ਨਾਲ ਗੱਲ ਕਰਦਿਆਂ ਉਹ ਮੰਡਲੀਆਂ ਦੇ ਹਰ ਆਦਮੀ ਨੂੰ ਆਖ ਰਿਹਾ ਸੀ। ਇਬਰਾਨੀਆਂ 13:17 ਵਿਚ ਮਸੀਹੀ ਲੋਕਾਂ ਨੂੰ ਕਿਹਾ ਗਿਆ ਹੈ, ‘‘ਆਪਣੇ ਆਗੂਆਂ ਦੀ ਆਗਿਅਕਾਰੀ ਕਰੋ ਅਤੇ ਉਨ੍ਹਾਂ ਦੇ ਅਧੀਨ ਰਹੋ।’’

ਮੈਂਬਰਾਂ ਨੂੰ ਐਲਡਰਾਂ ਦੀ ਗੱਲ ਖੁਸ਼ੀ ਨਾਲ ਕਿਉਂ ਮੰਨਣੀ ਚਾਹੀਦੀ ਹੈ? ਪਹਿਲੀ ਗੱਲ, ਇਹ ਲੋਕ ਇਹ ਭੂਮਿਕਾ ਲਈ ਖਾਸ ਤੌਰ ਤੇ ਯੋਗ ਹਨ (1 ਤਿਮੋਥਿਉਸ 3; ਤੀਤੁਸ 1)। ਇਨ੍ਹਾਂ ਯੋਗਤਾਵਾਂ ਨੂੰ ਪੂਰਾ ਕਰਨ ਵਾਲੇ ਲੋਕਾਂ ਦੀ ਗੱਲ ਮੰਨਣਾ ਜ਼ਰੂਰੀ ਹੈ। ਦੂਜਾ, ਐਲਡਰਾਂ ਨੂੰ ਨਿਯੁਕਤ ਕਰਨ ਦੇ ਸਮੇਂ ਮੰਡਲੀ ਆਮ ਤੌਰ ਉੱਤੇ ਉਨ੍ਹਾਂ ਨੂੰ ਆਪਣੇ ਆਗੂਆਂ ਦੇ ਰੂਪ ਵਿਚ ਮੰਨਣ ਲਈ ਇਕ ਸੁਰ ਹੁੰਦੀ ਸੀ (ਜਿਵੇਂ ਵੀਟੋ ਵਿਚ ਇਹ ਆਖਣ ਦਾ ਅਧਿਕਾਰ ਕਿ ਕੁਝ ਲੋਕ ਇਸ ਯੋਗ ਨਹੀਂ ਹਨ)। ਤੀਜਾ, ਪਵਿੱਤਰ ਆਤਮਾ ਦੇ ਉਨ੍ਹਾਂ ਨੂੰ ਨਿਗਾਹਬਾਨ ਠਹਿਰਾਇਆ ਹੈ (ਰਸੂਲਾਂ ਦੇ ਕੰਮ 20:28)। ਲੋਕਾਂ ਨੂੰ ਪਵਿੱਤਰ ਆਤਮਾ ਦੀ ਸਿੱਖਿਆ ਦੇ ਰਾਹੀਂ ਦਿੱਤੇ ਗਏ ਵਚਨ ਵਿੱਚੋਂ ਮਿਲਣ ਵਾਲੇ ਹੁਕਮਾਂ ਮੁਤਾਬਿਕ ਹੀ ਐਲਡਰ ਹੋਣ ਲਈ ਚੁਣਿਆ ਜਾਂਦਾ ਹੈ, ਭਾਵ ਉਨ੍ਹਾਂ ਨੂੰ ਇਸ ਕੰਮ ਨੂੰ ਕਰਨ ਲਈ ਖ਼ੁਦਾ ਵੱਲੋਂ ਠਹਿਰਾਇਆ ਗਿਆ ਹੈ।

*ਮੰਡਲੀ ਨੂੰ ਆਗੂਆਂ ਦਾ ਆਦਰ ਕਰਨਾ ਚਾਹੀਦਾ ਹੈ।* ਪੌਲੁਸ ਨੇ ਲਿਖਿਆ, ‘‘ਓਹ ਬਜ਼ੁਰਗ ਜਿਹੜੇ ਚੰਗਾ ਪ੍ਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ ਪਰ ਖਾਸ ਕਰਕੇ ਓਹ ਜਿਹੜੇ ਬਚਣ ਸੁਣਾਉਣ ਅਤੇ ਸਿੱਖਿਆ ਦੇਣ ਵਿਚ ਮਿਹਨਤ ਕਰਦੇ ਹਨ’’ (1 ਤਿਮੋਥਿਉਸ 5:17)। ਸੰਦਰਭ ਇਸ ਗੱਲ ਨੂੰ ਸਾਫ਼ ਕਰਦਾ ਹੈ ਕਿ ‘‘ਦੂਣੇ ਆਦਰ’’ ਵਿਚ ਉਨ੍ਹਾਂ ਦੇ ਕੰਮ ਲਈ ਤਨਖਾਹ ਦੇਣ ਦਾ ਇਸ਼ਾਰਾ ਹੈ। ਜੇ ਤਨਖਾਹ ‘‘ਦੂਜਾ ਆਦਰ’’ ਹੈ ਤਾਂ ਪਹਿਲਾਂ ਉਨ੍ਹਾਂ ਦੇ ਕੰਮ ਦਾ ਮਹੱਤਵ ਅਤੇ ਉਨ੍ਹਾਂ ਦੇ ਚਰਿੱਤਰ ਦੇ ਕਾਰਣ ਇੱਜ਼ਤ ਹੀ ਹੋਣਾ ਚਾਹੀਦਾ ਹੈ ਜਿਸ ਦੀ ਕੋਈ ਕੀਮਤ ਨਹੀਂ ਹੈ।

*ਮਸੀਹੀ ਲੋਕਾਂ ਨੂੰ ਲਾਈ–ਲੱਗ ਹੋਣ ਤੋਂ ਬਚਣਾ ਚਾਹੀਦਾ ਹੈ।* ਆਮ ਤੌਰ ਤੇ ਅਸੀਂ ਕਲੀਸੀਆ ਵਿਚ ਪਾਈ ਜਾਣ ਵਾਲੀ ਬੁਰਾਈ ਲਈ ਆਗੂਆਂ ਨੂੰ ਹੀ ਦੋਸ਼ੀ ਮੰਨਦੇ ਹਾਂ। ਇਹ ਵੀ ਹੋ ਸਕਦਾ ਹੈ ਕਿ ਜਿਸ ਨੂੰ ਅਸੀਂ ਮਾੜੀ ਲੀਡਰਸ਼ਿਪ ਆਖਦੇ ਹਾਂ ਕਈ ਮਾਮਲਿਆਂ ਵਿਚ ਅਸਲ ਵਿਚ ਉੱਥੇ ਮਾੜੇ ‘‘ਚੇਲੇ’’ ਹੋਣ ਭਾਵ ਐਲਡਰ ਤਾਂ ਆਪਣੀ ਭੂਮਿਕਾ ਨਿਭਾ ਰਹੇ ਹਨ, ਪਰ ਮੈਂਬਰ ਬਿਨਾਂ ਕਿਸੇ ਤਰਕਸੰਗਤ ਕਾਰਣ ਦੇ ਉਨ੍ਹਾਂ ਦੀ ਗੱਲ ਮੰਨਣ ਤੋਂ ਨਾਂਹ ਕਰ ਰਹੇ ਹੋਣ!

## ਐਲਡਰਾਂ ਨੂੰ ਕਿਵੇਂ ਅਗਵਾਈ ਕਰਨੀ ਚਾਹੀਦੀ ਹੈ?

ਇਹ ਕਹਿਣ ਨਾਲ ਕਿ ਐਲਡਰਾਂ ਨੂੰ ਕਲੀਸੀਆ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਕਲੀਸੀਆ ਨੂੰ ਆਪਣੇ ਆਗੂਆਂ ਦੀ ਮੰਨਣੀ ਚਾਹੀਦੀ ਹੈ ਅੱਜ ਕਲੀਸੀਆ ਦੀ ਮੁਸ਼ਕਿਲ ਦਾ ਹੱਲ ਨਹੀਂ ਹੁੰਦਾ। ਐਲਡਰਾਂ ਨੂੰ ਅਗਵਾਈ *ਕਿਵੇਂ* ਕਰਨੀ ਚਾਹੀਦੀ ਹੈ?

ਕੀ ਉਨ੍ਹਾਂ ਨੂੰ ਰਾਜਿਆਂ ਜਾਂ ਤਾਨਾਸ਼ਾਹਾਂ ਵਾਂਗ ਅਗਵਾਈ ਕਰਨੀ ਚਾਹੀਦੀ ਹੈ? ਕੀ ਉਨ੍ਹਾਂ ਨੂੰ ਜਰਨੈਲਾਂ ਜਾਂ ਸਾਰਜੈਂਟਾਂ ਵਾਂਗ ਅਗਵਾਈ ਕਰਨੀ ਚਾਹੀਦੀ ਹੈ? ਕੀ ਉਨ੍ਹਾਂ ਨੂੰ ਕੋਚਾਂ ਜਾਂ ਮਾਸਟਰਾਂ ਵਾਂਗ ਅਗਵਾਈ ਕਰਨੀ ਚਾਹੀਦੀ ਹੈ? ਕੀ ਉਨ੍ਹਾਂ ਨੂੰ ਮਾਤਾ ਪਿਤਾ ਵਾਂਗ ਅਗਵਾਈ ਕਰਨੀ ਚਾਹੀਦੀ ਹੈ? ਕੀ ਅਗਵਾਈ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ ਜਿਸ ਨਾਲ ਅਗਵਾਈ ਦੀ ਤੁਲਨਾ ਕੀਤੀ ਜਾ ਸਕੇ?

ਜੇ ਐਲਡਰਾਂ ਨੇ ਅਗਵਾਈ ਕਰਨ ਦਾ ਵਿਚਾਰ ਸਿਰਫ਼ ਬਾਈਬਲ ਤੋਂ ਹੀ ਲਿਆ ਹੈ, ਤਾਂ ਸੰਭਵ ਹੈ ਕਿ ਅਗਵਾਈ ਕਰਨ ਦੇ ''ਤਰੀਕੇ'' ਤੇ ਬਹੁਤ ਘੱਟ ਅਸਹਿਮਤੀ ਹੋਵੇ। ਦਿੱਕਤ ਇਹ ਹੈ ਕਿ ਨਿਯੁਕਤ ਹੋਣ ਵਾਲੇ ਐਲਡਰ ਉਸ ਕੰਮ ਵਿਚ ਆਪਣੇ ਅਨੁਭਵਾਂ ਤੋਂ ਪ੍ਰਭਾਵਿਤ ਲੀਡਰਸ਼ਿਪ ਦੇ ਨਜ਼ਰੀਏ ਨਾਲ ਹੀ ਇਸ ਕੰਮ ਵਿਚ ਆਉਂਦੇ ਹਨ। ਉਹ ਕਾਰੋਬਾਰ ਵਿਚ, ਹਥਿਆਰਬੰਦ ਫ਼ੌਜ ਵਿਚ, ਖੇਡਾਂ ਵਿਚ ਜਾਂ ਆਪਣੇ ਪਰਿਵਾਰਾਂ ਵਿਚ ਆਗੂ ਜਾਂ ਪੈਰੋਕਾਰ ਹੁੰਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਲੀਡਰਸ਼ਿਪ ਦੇ ਤਰੀਕੇ ਜੋ ਇਨ੍ਹਾਂ ਤਜ਼ਰਬਿਆਂ ਵਿਚ ਮੁਨਾਸਿਬ ਮੰਨੇ ਜਾਂਦੇ ਹਨ ਕਲੀਸੀਆ ਵਿਚ ਵਰਤੇ ਜਾਣੇ ਚਾਹੀਦੇ ਹਨ।

ਪੱਛਮੀ ਦੇਸ਼ਾਂ ਵਿਚ ਕਲੀਸੀਆ ਵਿਚ ਆਮ ਤੌਰ ਤੇ ਆਪਣੀ ਅਗਵਾਈ ਲਈ ''ਵਪਾਰ ਦਾ ਨਮੂਨਾ'' ਚੁਣ ਕੇ ਢੰਗ ਅਪਣਾਏ ਜਾਦੇ ਹਨ। ਐਲਡਰ ''ਬੋਰਡ ਆਫ਼ ਡਾਇਰੈਕਟਰਜ਼'' ਦੇ ਵਾਂਗ ਇਕੱਠੇ ਹੁੰਦੇ ਹਨ, ''ਮੁੱਖ ਕਾਰਜਕਾਰੀ ਅਧਿਕਾਰੀ'' ਹੋਣ ਲਈ ਕਿਸੇ ਪ੍ਰਚਾਰਕ ਨੂੰ ਬੁਲਾਉਂਦੇ ਹਨ, ਅਤੇ ''ਲਾਭ ਹਾਨੀ'' ਬਾਰੇ ਚਰਚਾ ਕਰਦੇ ਹਨ, ਜੋ ਸਾਫ਼ ਤੌਰ ਤੇ ਗਿਣਤੀ, ਪੈਸੇ ਅਤੇ ਬਿਲਡਿੰਗਾਂ ਬਾਰੇ ਹੁੰਦੀ ਹੈ। ਉਹ ਆਪਣੇ ਕੰਮ ਨੂੰ ''ਕੰਪਨੀ'' ਲਈ ਫ਼ੈਸਲਾ ਲੈਣ ਦੇ ਰੂਪ ਵਿਚ ਵੇਖਦੇ ਹਨ। ਉਹ ਨੀਤੀਆਂ ਬਣਾ ਕੇ ਉਨ੍ਹਾਂ ਨੂੰ ਛਪਵਾਉਂਦੇ ਹਨ। ਇਸ ਦੇ ਇਲਾਵਾ ਜੇ ਉਨ੍ਹਾਂ ਦੇ ''ਕਰਮਚਾਰੀ'' ਇਹ ਕਰਨ ਵਿਚ ਨਾਕਾਮ ਰਹਿੰਦੇ ਹਨ ਤਾਂ ਉਹ ਉਨ੍ਹਾਂ ਨੂੰ ਕੱਢ ਦਿੰਦੇ ਹਨ।

ਕੀ ਇਹ ਬਾਈਬਲ ਮੁਤਾਬਿਕ ਹੈ? ਕੀ ਲੀਡਰਸ਼ਿਪ ਦੇ ਇਨ੍ਹਾਂ ''ਢੰਗਾਂ'' ਬਾਰੇ ਨਵਾਂ ਨੇਮ ਕੁਝ ਆਖਦਾ ਹੈ? ਇਸ ਸਵਾਲ ਦਾ ਜਵਾਬ ਦੇਣ ਵਾਲੀ ਇਕ ਆਇਤ ਨੂੰ ਵੇਖਣ ਤੋਂ ਪਹਿਲਾਂ, ਸਾਨੂੰ ਗਲਤ ਵਿਚਾਰਾਂ ਨੂੰ ਸਾਫ਼ ਕਰ ਦੇਣਾ ਚਾਹੀਦਾ ਹੈ ਅਤੇ ਉਸ ਗੱਲ ਨੂੰ ਫੇਰ ਤੋਂ ਲਾਗੂ ਕਰਨਾ ਚਾਹੀਦਾ ਹੈ ਜਿਸ ਨੂੰ ਇਸ ਕਿਤਾਬ ਵਿਚ ਪਹਿਲਾਂ ਕਿਹਾ ਗਿਆ ਸੀ।

ਸਾਨੂੰ ਚਾਹੀਦਾ ਹੈ ਕਿ ਗਲਤ ਮਾਨਤਾ ਨੂੰ ਮੰਨਣ ਅਤੇ ਗਲਤ ਫੈਸਲੇ ਲੈਣ ਤੋਂ ਬਚੀਏ। ਕਈ ਲੋਕ ਉਸ ਵਿਸ਼ਵਵਿਆਪੀ ਕਲੀਸੀਆ ਦੇ ਅਧਾਰ ਤੇ ਜਿਸ ਦੀ ਤਸਵੀਰ ਅਸੀਂ ਵੇਖੀ, ਤਾਨਾਸ਼ਾਹੀ ਦੇ ਅਧਿਕਾਰ ਵਿਚ ਯਕੀਨ ਰੱਖਦੇ ਹਨ। ਜਦ ਕਲੀਸੀਆ ਨੂੰ ਇਸ ਪਰਿਵਾਰ ਨਾਲ ਮਿਲਾਇਆ ਜਾਂਦਾ ਹੈ, ਤਾਂ ਪਰਿਵਾਰ ਵਿਚ ਐਲਡਰਾਂ ਨੂੰ ਪਿਤਾ ਦੀ ਭੂਮਿਕਾ ਵਾਂਗ ਹੀ ਸਥਾਨਕ ਕਲੀਸੀਆ ਵਿਚ ਅਧਿਕਾਰ ਦਿੱਤਾ ਜਾਂਦਾ ਹੈ, ਇਸ ਲਈ ਉਨ੍ਹਾਂ ਨੂੰ ਸਥਾਨਕ ਕਲੀਸੀਆ ਉੱਤੇ ਆਪਣੀ ਇੱਛਾ ਲਾਗੂ ਕਰਨ ਦਾ ਹੱਕ ਹੈ। ਬਦਲਵੇਂ ਰੂਪ ਵਿਚ ਅਸੀਂ ਆਖ ਸਕਦੇ ਹਾਂ ਕਿ ਕਲੀਸੀਆ ਇਕ ਰਾਜ ਹੈ, ਇਸ ਲਈ ਮਸੀਹ ਨੇ ਸਥਾਨਕ ਕਲੀਸੀਆਵਾਂ ਉੱਤੇ ਐਲਡਰ ਠਹਿਰਾਏ ਹਨ ਅਤੇ ਉਨ੍ਹਾਂ ਨੂੰ ਆਪਣੀ ਇੱਛਾ ਨੂੰ ਲਾਗੂ ਕਰਨ ਲਈ ਆਪਣੇ ਅਖ਼ਤਿਆਰ ਨਾਲ ਉਹ ਕੰਮ ਕਰਨ ਲਈ ਬਣਾਇਆ ਹੈ।

ਇਸ ਦਲੀਲ ਨਾਲ ਦਿੱਕਤ ਇਹ ਹੈ ਕਿ ਸਾਨੂੰ ਵਿਸ਼ਵਵਿਆਪੀ ਕਲੀਸੀਆ ਬਾਰੇ ਸਿੱਖਿਆ ਲੈ ਕੇ ਉਨ੍ਹਾਂ ਦਾ ਇਹ ਮਤਲਬ ਨਹੀਂ ਕੱਢਣਾ ਚਾਹੀਦਾ ਕਿ ਉਹ ਸਥਾਨਕ ਕਲੀਸੀਆ ਤੇ ਲਾਗੂ

ਹੁੰਦੀ ਹੈ। ਜਦ ਕਿ ਅਜਿਹਾ ਨਹੀਂ ਹੈ। ਉੱਪਰ ਦਿੱਤੀ ਗਈ ਦਲੀਲ ਨੂੰ ਮੰਨਣ ਦਾ ਅਰਥ ਰੋਮਨ ਕੈਥੋਲਿਕ ਚਰਚ ਅਤੇ ਵਿਸ਼ਵਵਿਆਪੀ ਕਲੀਸੀਆ ਦੇ ਇਕੱਠ ਦੇ ਇਸ ਦੇ ਨਜ਼ਰੀਏ ਨੂੰ ਮੰਨ ਲੈਣਾ ਹੈ।

ਇਸ ਪਾਠ ਵਿਚ ਕਹੀਆਂ ਗਈਆਂ ਜ਼ਿਆਦਾਤਰ ਗੱਲਾਂ ਵਿਚ ਲੀਡਰਸ਼ਿਪ ਦੇ ‘‘ਕਿਵੇਂ’’ ਨਾਲ ਜੁੜੇ ਅਰਥ ਮਿਲਦੇ ਹਨ। ਪਹਿਲਾਂ, ਇਹ ਸਾਫ਼ ਹੈ ਕਿ ਲੀਡਰਸ਼ਿਪ ਦਾ ਇਕ ਦਾਨ ਹੋਣਾ ਸਲਾਹ ਦਿੰਦਾ ਹੈ ਕਿ ਐਲਡਰਾਂ ਨੂੰ ਦੂਜਿਆਂ ਤੋਂ ਉੱਪਰ ਨਹੀਂ ਹੋਣਾ ਚਾਹੀਦਾ। ਦੂਜਾ, ਕਲੀਸੀਆ ਦੇ ਆਗੂਆਂ ਨੂੰ ‘‘ਐਲਡਰ’’ ਕਹਿਣਾ ਸੁਝਾਅ ਦਿੰਦਾ ਹੈ ਕਿ ਉਨ੍ਹਾਂ ਨੂੰ ਨਮੂਨਾ ਦੇ ਕੇ ਭਾਵ ਸਿੱਖਿਆ ਦੇ ਰਾਹੀਂ ਸਮਝ ਨਾਲ ਅਗਵਾਈ ਕਰਨੀ ਚਾਹੀਦੀ ਹੈ। ਤੀਜਾ, ਐਲਡਰਾਂ ਨੂੰ ਬਿਸ਼ਪ, ਜਾਂ ਨਿਗਾਹਬਾਨ ਕਹਿਣਾ ਉਨ੍ਹਾਂ ਲੋਕਾਂ ਲਈ ਉਪਕਾਰ ਦਾ ਸੁਝਾਅ ਹੈ ਜਿਨ੍ਹਾਂ ਦੀ ਨਿਗਾਹਬਾਨੀ ਉਹ ਕਰਦੇ ਹਨ। ਚੌਥਾ, ਇਹ ਸੱਚਾਈ ਕਿ ਐਲਡਰਾਂ ਨੂੰ ਪਾਸਬਾਨ ਜਾਂ ਅਯਾਲੀ ਕਿਹਾ ਜਾਂਦਾ ਹੈ, ਸਲਾਹ ਦਿੰਦੀ ਹੈ ਕਿ ਉਨ੍ਹਾਂ ਨੂੰ ਇੱਜੜ ਨੂੰ ਹੱਕਣਾ ਨਹੀਂ, ਸਗੋਂ ਉਨ੍ਹਾਂ ਦੇ ਅੱਗੇ ਲੱਗਣਾ ਚਾਹੀਦਾ ਹੈ। ਉਨ੍ਹਾਂ ਲਈ ਭੇਡਾਂ ਨੂੰ ਜਾਣਨਾ ਅਤੇ ਭੇਡਾਂ ਨੂੰ ਉਨ੍ਹਾਂ ਦਾ ਪਤਾ ਹੋਣਾ ਜ਼ਰੂਰੀ ਹੈ ਜਿਹਦੇ ਲਈ ਉਨ੍ਹਾਂ ਭੇਡਾਂ ਦੇ ਨੇੜੇ ਅਤੇ ਉਨ੍ਹਾਂ ਦੇ ਦਰਮਿਆਨ ਰਹਿਣਾ ਜ਼ਰੂਰੀ ਹੈ। ਉਨ੍ਹਾਂ ਦਾ ਕੰਮ ਭੇਡਾਂ ਦੀ ਭਲਾਈ ਕਰਨਾ ਹੀ ਹੈ ਅਤੇ ਉਨ੍ਹਾਂ ਨੂੰ ਉਹੀ ਕਰਨਾ ਚਾਹੀਦਾ ਹੈ ਜੋ ਭੇਡਾ ਲਈ ਬੇਹਤਰੀਨ ਹੈ (ਆਪਣੇ ਲਈ ਹੀ ਨਹੀਂ) ਅਤੇ ਭੇਡਾਂ ਨੂੰ ਐਨਾ ਪਿਆਰ ਕਰਨ ਕਿ ਉਨ੍ਹਾਂ ਲਈ ਜਾਨ ਵੀ ਦੇ ਸਕਣ। ਪੰਜਵਾਂ, ਕਲੀਸੀਆ ਲਈ ਲੋਕਾਂ ਦੀਆਂ ਜ਼ਿੰਦਗੀਆਂ ਦੀ ਨਿਗਾਹਬਾਨੀ ਕਰਨ ਦੇ ਕੰਮ ਦਾ ਹਿਸਾਬ ਦੇਣਾ ਸਲਾਹ ਦਿੰਦਾ ਹੈ ਕਿ ਉਨ੍ਹਾਂ ਦੀ ਲੀਡਰਸ਼ਿਪ ਦਾ ਕੰਮ ਮੁੱਖ ਬਿਲਡਿੰਗਾਂ, ਪ੍ਰੋਗਰਾਮਾਂ ਅਤੇ ਅੰਕੜਿਆਂ ਦਾ ਨਹੀਂ, ਬਲਕਿ ਲੋਕਾਂ ਨੂੰ ਬਣਾਉਣਾ ਹੈ!

1 ਪਤਰਸ 5:1-6 ਵਿਚ ਐਲਡਰਾਂ ਦੀ ਲੀਡਰਸ਼ਿਪ ਦਾ ‘‘ਕਿਵੇਂ’’ ਭਾਵ ਢੰਗ ਵਿਖਾਇਆ ਗਿਆ ਹੈ:

> ਜਿਹੜੇ ਬਜ਼ੁਰਗ ਤੁਹਾਡੇ ਵਿਚ ਹਨ ਮੈਂ ਜੋ ਉਨ੍ਹਾਂ ਨਾਲ ਦਾ ਬਜ਼ੁਰਗ ਅਤੇ ਮਸੀਹ ਦੇ ਦੁਖਾਂ ਦਾ ਗਵਾਹ ਨਾਲੇ ਓਸ ਤੇਜ ਵਿਚ ਜੋ ਪ੍ਰਕਾਸ਼ ਹੋਣ ਵਾਲਾ ਹੈ ਸਾਂਝੀ ਹਾਂ ਉਨ੍ਹਾਂ ਅੱਗੇ ਇਹ ਬੇਨਤੀ ਕਰਦਾ ਹਾਂ ਭਈ ਤੁਸੀਂ ਖ਼ੁਦਾ ਦੇ ਉਸ ਇੱਜੜ ਦੀ ਜੋ ਤੁਹਾਡੇ ਵਿਚ ਹੈ ਚਰਵਾਹੀ ਕਰੋ ਪਰ ਲਚਾਰੀ ਨਾਲ ਨਹੀਂ ਸਗੋਂ ਖੁਸ਼ੀ ਨਾਲ ਖ਼ੁਦਾ ਦੀ ਇੱਛਿਆ ਅਨੁਸਾਰ ਅਤੇ ਨਾ ਝੂਠੇ ਨਫ਼ੇ ਦੇ ਕਾਰਣ ਸਗੋਂ ਮਨ ਦੀ ਚਾਹ ਨਾਲ। ਅਤੇ ਉਨ੍ਹਾਂ ਉੱਤੇ ਜਿਹੜੇ ਤੁਹਾਡੇ ਸਪੁਰਦ ਹਨ ਹੁਕਮ ਨਾ ਚਲਾਓ ਸਗੋਂ ਇੱਜੜ ਲਈ ਨਮੂਨਾ ਬਣੋ। ਇਸ ਵੇਲੇ ਸਰਦਾਰ ਅਯਾਲੀ ਪਰਗਟ ਹੋਵੇਗਾ ਤੁਹਾਨੂੰ ਤੇਜ ਦਾ ਉਹ ਮੁਕਟ ਮਿਲੇਗਾ ਜਿਹੜਾ ਕੁਮਲਾਉਂਦਾ ਨਹੀਂ। ਇਸੇ ਤਰ੍ਹਾਂ ਹੇ ਜੁਆਨੋ, ਬਜ਼ੁਰਗਾਂ ਦੇ ਅਧੀਨ ਹੋਵੋ, ਸਗੋਂ ਤੁਸੀਂ ਸੱਭੇ ਇਕ ਦੂਹੇ ਦੀ ਟਹਿਲ ਕਰਨ ਲਈ ਮਨ ਦੀ ਹਲੀਮੀ ਨਾਲ ਲੱਕ ਬੰਨ੍ਹੋਂ, ਇਸ ਲਈ ਜੋ ਖ਼ੁਦਾ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਨੂੰ ਕਿਰਪਾ ਬਖ਼ਸ਼ਦਾ ਹੈ।
>
> ਸੋ ਆਪਣੇ ਆਪ ਨੂੰ ਖ਼ੁਦਾ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆਂ ਕਰੇ।

ਐਲਡਰਾਂ ਰਾਹੀਂ ਅਗਵਾਈ ਕਰਨ ਦੇ ਤਰੀਕੇ ਦੇ ਸਵਾਲ ਤੇ ਵਿਚਾਰ ਕਰਦੇ ਹੋਏ, ਪਤਰਸ ਨੇ

ਸਭ ਤੋਂ ਪਹਿਲਾਂ ਸਾਫ਼ ਕੀਤਾ ਕਿ ਰਸੂਲ (ਇਸ ਲਈ, ਪ੍ਰਚਾਰਕ) ਐਲਡਰ ਬਣ ਸਕਦਾ ਹੈ (ਆਇਤ 1)। ਦੂਜਾ, ਉਹਨੇ ਸਾਫ਼ ਕੀਤਾ ਕਿ ਐਲਡਰਾਂ ਨੂੰ ਖਾਸ ਕੰਮ ਭਾਵ ਆਪਣੇ ਅਧੀਨ ਇੱਜੜ ਨੂੰ ਚਰਵਾਹੀ ਦਾ ਕੰਮ ਦਿੱਤਾ ਗਿਆ ਸੀ (ਆਇਤ 2)। ਇਹ ਧਿਆਨ ਦੇਣਾ ਚਾਹੀਦਾ ਹੈ ਕਿ ਭਾਂਵੇਂ ਇਹ ਇੱਜੜ ਉਨ੍ਹਾਂ ਦੇ ਅਧੀਨ ਹੈ, ਪਰ ਇਹ ਇੱਜੜ ''ਉਨ੍ਹਾਂ'' ਦਾ ਨਹੀਂ ਹੈ। ਮਸੀਹ ''ਸਰਦਾਰ ਅੱਯਾਲੀ'' ਹੈ (1 ਪਤਰਸ 5:4) ਕਿਉਂਕਿ ਇਹ ਉਸ ਦਾ ਇੱਜੜ ਹੈ। ਐਲਡਰ ਓਸੇ ਇੱਜੜ ਦੇ ਮੁਖ਼ਤਿਆਰ ਹਨ ਜਿਸ ਉੱਤੇ ਉਨ੍ਹਾਂ ਨੂੰ ਖ਼ੁਦਾ ਨੇ ਠਹਿਰਾਇਆ ਹੈ। ਤੀਜਾ, ਪਤਰਸ ਨੇ ਕਿਹਾ ਕਿ ਐਲਡਰਾਂ ਨੂੰ ਦੱਸਿਆ ਗਿਆ ਹੈ ਕਿ ਉਨ੍ਹਾਂ ਆਪਣਾ ਕੰਮ ਕਿਵੇਂ ਪੂਰਾ ਕਰਨਾ ਹੈ (ਆਇਤਾਂ 2, 3)। ਇਸ ਆਇਤ ਵਿਚ ਤਿੰਨ ਜੌੜੇ ਵਾਕ ਹਨ, ਜਿਨ੍ਹਾਂ ਵਿਚ ਹਰੇਕ ਵਿਚ ਇਕ ਨਾਂਹ ਵਾਚਕ ਅਤੇ ਇਕ ਹਾਂ ਵਾਚਕ, ਵਰਣਨ ਕਰਦਾ ਹੈ ਕਿ ਐਲਡਰ ਅਗਵਾਈ ਕਿਵੇਂ ਕਰਨ ਭਾਵ ਦਬਾਓ ਨਾਲ ਨਹੀਂ ਸਗੋਂ ਆਪਣੀ ਇੱਛਾ ਨਾਲ; ਕਮਾਈ ਲਈ ਨਹੀਂ, ਪਰ ਦਿਲ ਨਾਲ; ਹੋਰਨਾਂ ਤੇ ਹੁਕਮ ਚਲਾ ਕੇ ਨਹੀਂ, ਇੱਜੜ ਦੇ ਸਾਹਮਣੇ ਨਮੂਨਾ ਪੇਸ਼ ਕਰਕੇ ਕਰਨੀ ਚਾਹੀਦੀ ਹੈ। ਚੌਥਾ, ਜੇ ਐਲਡਰ ਆਪਣੇ ਕੰਮ ਨੂੰ ਚੰਗੀ ਤਰ੍ਹਾਂ ਕਰਦੇ ਹਨ ਤਾਂ ਇਸ ਲਈ ਉਨ੍ਹਾਂ ਨੂੰ ਤਾਜ ਮਿਲੇਗਾ (ਆਇਤ 4)। ਪੰਜਵਾਂ, ਨੌਜਵਾਨ ਮਸੀਹੀ ਲੋਕਾਂ ਨੂੰ ਐਲਡਰਾਂ ਦੇ ਅਧੀਨ ਰਹਿਣਾ ਚਾਹੀਦਾ ਹੈ (ਆਇਤ 5)! ਛੇਵਾਂ, ਹਰ ਕਿਸੇ ਨੂੰ ਇਕ ਦੂਜੇ ਸਾਹਮਣੇ ਹਲੀਮ ਹੋਣਾ ਚਾਹਦਾ ਹੈ (ਆਇਤ 5)। ਸਤਵਾਂ, ਹਰ ਕਿਸੇ ਨੂੰ ਖ਼ੁਦਾ ਅੱਗੇ ਹਲੀਮ ਹੋਣਾ ਚਾਹੀਦਾ ਹੈ (ਆਇਤ 6)।

ਐਲਡਰਾਂ ਲਈ ਆਪਣੇ ਅਧੀਨ ਲੋਕਾਂ ਉੱਤੇ ''ਅਧਿਕਾਰ ਨਾ ਜਤਾਓ'' ਦਾ ਕੀ ਅਰਥ ਹੈ? ਇਸ ਦਾ ਅਰਥ ਹੈ ਕਿ ਉਹ ਤਾਨਾਸ਼ਾਹਾਂ, ਬੌਸਾਂ ਅਤੇ ਪੁਲਿਸ ਅਧਿਕਾਰੀਆਂ ਵਾਂਗ ਅਗਵਾਈ ਨਾ ਕਰਨ। ਨਾ ਹੀ ਉਨ੍ਹਾਂ ਨੂੰ ਕੋਚਾਂ ਜਾ ਮਾਤਾ ਪਿਤਾ ਵਾਂਗ ਅਗਵਾਈ ਕਰਨੀ ਚਾਹੀਦੀ ਹੈ, ਜਿਸ ਦੇ ਕੋਲ ਕੁਝ ਹੱਦ ਤਕ ਆਪਣੇ ਅਧੀਨ ਲੋਕਾਂ ਉੱਤੇ ਪੂਰਾ ਅਧਿਕਾਰ ਹੁੰਦਾ ਹੈ।

*ਐਲਡਰ ਤਾਨਾਸ਼ਾਹ ਨਹੀਂ ਹਨ।* ਸਗੋਂ 1 ਪਤਰਸ 5:5 ਆਖਦਾ ਹੈ ਕਿ ਨੌਜਵਾਨਾਂ ਨੂੰ ਆਪਣੇ ਐਲਡਰਾਂ ਦੇ ਅਧੀਨ ਰਹਿਣਾ ਚਾਹੀਦਾ ਹੈ, ਪਰ ਆਇਤ 6 ਇਹ ਆਖਣ ਲਈ ਅੱਗੇ ਵਧਦੀ ਹੈ ਕਿ ਹਰ ਇਕ ਨੂੰ ਦੂਜੇ ਚੇਲੇ ਅੱਗੇ ਹਲੀਮ ਹੋਣਾ ਚਾਹੀਦਾ ਹੈ! ਦੂਜੇ ਸ਼ਬਦਾਂ ਵਿਚ ਇਕ ਅਰਥ ਵਿਚ, ਐਲਡਰਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਦੇ ਪ੍ਰਤੀ ਹਲੀਮ ਹੋਣ।

*ਐਲਡਰ ਲੀਡਰਸ਼ਿਪ ਦਾ ਕੰਮ ਕਿਵੇਂ ਕਰ ਸਕਦੇ ਹਨ?* ਸਭ ਤੋਂ ਪਹਿਲਾਂ ਤਾਂ ਉਹ ਨਮੂਨਾ ਪੇਸ਼ ਕਰਕੇ ਅਗਵਾਈ ਕਰਦੇ ਹਨ (1 ਪਤਰਸ 5:3)। ਉਹ ਉਹੀ ਬਣਨ ਅਤੇ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਉਹ ਦੂਜੇ ਨੂੰ ਬਣਾਉਣਾ ਅਤੇ ਉਸ ਤੋਂ ਕਰਵਾਉਣਾ ਚਾਹੁੰਦੇ ਹਨ।

ਫਿਰ, ਉਹ ਸਿਖਾ ਕੇ ਅਤੇ ਇਹ ਵੇਖ ਕੇ ਕਿ ਸਹੀ *ਸਿੱਖਿਆ* ਦਿੱਤੀ ਜਾ ਰਹੀ ਹੈ ਉਨ੍ਹਾਂ ਦੀ ਅਗਵਾਈ ਕਰਦੇ ਹਨ (ਰਸੂਲਾਂ ਦੇ ਕੰਮ 20:28; 1 ਤਿਮੋਥਿਉਸ 3:2; 5:17; ਤੀਤੁਸ 1:9-16)। ਸਿੱਖਿਆ ਵਿਚ ਲੋਕਾਂ ਨੂੰ ਬਦਲਣ ਦੀ ਤਾਕਤ ਹੈ। ਐਲਡਰ ਸਿੱਖਿਆ ਨਾਲ ਲੋਕਾਂ ਵਿਚ ਜ਼ਰੂਰੀ ਬਦਲਾਅ ਚਾਹੁੰਦੇ ਹਨ।

ਤੀਜਾ, ਉਹ *ਸਮਝ ਕੇ ਅਤੇ ਸਿੱਖਿਆ* ਦੇ ਕੇ ਉਨ੍ਹਾਂ ਦੀ ਅਗਵਾਈ ਕਰਦੇ ਹਨ। ਨਵੇਂ ਨੇਮ ਦੀ ਕਲੀਸੀਆ ਵਿਚ ਜੇ ਕਿਸੇ ਕੋਲ ਅਧਿਕਾਰ ਸੀ, ਤਾਂ ਉਹ ਰਸੂਲ ਹੀ ਸਨ। ਪੌਲੁਸ ਕੋਲ ਕਿਸੇ ਵੀ ਹੋਰ ਰਸੂਲ ਵਾਂਗ ਪੂਰਾ ਅਧਿਕਾਰ ਸੀ, ਫਿਰ ਵੀ ਧਿਆਨ ਦਿਓ ਕਿ ਪੌਲੁਸ ਨੇ ਕਿਵੇਂ ਅਗਵਾਈ ਕੀਤੀ, ਜਿਸਦਾ ਉਹਦੀਆਂ ਪੱਤਰੀਆਂ ਵਿਚ ਸਾਫ਼ ਪਤਾ ਲਗਦਾ ਹੈ। ਪੌਲੁਸ ਉਨ੍ਹਾਂ

ਮੰਡਲੀਆਂ ਨੂੰ ਸਿਖਾਉਣਾ ਅਤੇ ਸਮਝਾਉਣਾ ਚਾਹੁੰਦਾ ਸੀ ਜੋ ਭਲਾਈ ਕਰਨ ਲਈ ਉਸ ਦੇ ਪ੍ਰਭਾਵ ਵਿਚ ਸਨ। ਇਵੇਂ ਹੀ, ਐਲਡਰ ਵੀ ਭਲਾਈ ਕਰਨ ਦੇ ਆਪਣੇ ਕੰਮ ਵਿਚ ਲੋਕਾਂ ਨੂੰ ਸਮਝਾਉਣ ਦਾ ਯਤਨ ਕਰਕੇ ਅਤੇ ਸਿੱਖਿਆ ਨਾਲ ਲੋਕਾਂ ਦੀ ਅਗਵਾਈ ਕਰਦੇ ਹਨ।

ਐਲਡਰਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਫ਼ੈਸਲੇ ਲੈਣਾ ਨਹੀਂ ਹੈ। ਫਿਰ ਵੀ ਉਨ੍ਹਾਂ ਨੂੰ ਕਲੀਸੀਆ ਲਈ ਫ਼ੈਸਲਾ ਲੈਣ ਲਈ ਬੁਲਾਇਆ ਜਾਂਦਾ ਹੈ। ਮੁੱਢਲੇ ਤੌਰ ਤੇ ਉਹ ਦੋ ਖੇਤਰਾਂ ਵਿਚ ਫ਼ੈਸਲਾ ਲੈਂਦੇ ਹਨ।

*ਕੁਝ ਫ਼ੈਸਲੇ ਵਿਸ਼ਵਾਸ ਦੀ ਹੱਦ ਵਿਚ ਹੁੰਦੇ ਹਨ।* ਉਦਾਹਰਣ ਲਈ ਐਲਡਰਾਂ ਨੂੰ ਇਹ ਫ਼ੈਸਲਾ ਲੈਣਾ ਹੁੰਦਾ ਹੈ ਕਿ ਸਚਾਈ ਦੀ ਸਿੱਖਿਆ ਦਿੱਤੀ ਜਾ ਰਹੀ ਹੈ, ਕਿ ਬਾਹਰ ਦੇ ਕਿਸੇ ਐਲਡਰ ਨੂੰ ਜੋ ਸਚਾਈ ਦਾ ਪ੍ਰਚਾਰ ਨਹੀਂ ਕਰਦਾ ਸੱਦਿਆ ਜਾਵੇ ਜਾਂ ਨਹੀਂ, ਜਾਂ ਉਸ ਦੀ ਮੰਡਲੀ ਨਾਲ ਕੰਮ ਕਰ ਰਹੇ ਪ੍ਰਚਾਰਕ ਨੂੰ ਜੋ ਸੱਚਾਈ ਦਾ ਪ੍ਰਚਾਰ ਨਹੀਂ ਕਰਦਾ ''ਕੱਢ ਦਿੱਤਾ'' ਜਾਵੇ। ਇਕ ਅਰਥ ਵਿਚ, ਉਹ ਸਚਾਈ ਦੀ ਕਿਸੇ ਗੱਲ ਦੇ ਸਬੰਧ ਵਿਚ ਫ਼ੈਸਲਾ ਨਹੀਂ ਲੈਂਦੇ ਕਿਉਂਕਿ ਇਹ ਸਭ ਕੁਝ ਉਨ੍ਹਾਂ ਲਈ ਪਹਿਲਾਂ ਤੋਂ ਹੀ ਬਾਈਬਲ ਵਿਚ ਦੱਸਿਆ ਗਿਆ ਹੈ।

*ਹੋਰ ਫ਼ੈਸਲੇ ਵਿਚਾਰ ਨਾਲ ਜੁੜੀ ਹੋਈ ਹੱਦਾਂ ਵਿਚ ਲਏ ਜਾਂਦੇ ਹਨ।* ਉਦਾਹਰਣ ਲਈ ਐਲਡਰਾਂ ਨੂੰ ਫ਼ੈਸਲੇ ਲੈਣੇ ਪੈ ਸਕਦੇ ਹਨ ਕਿ ਗੱਡੀਆਂ ਖੜੀ ਕਰਨ ਦੀ ਥਾਂ ਹੋਣੀ ਚਾਹੀਦੀ ਹੈ। ਆ-ਜਾ ਕੇ ਉਨ੍ਹਾਂ ਦੇ ਜ਼ਿਆਦਾਤਰ ਫ਼ੈਸਲੇ ਵਿਚਾਰ ਨਾਲ ਸਬੰਧਿਤ ਗੱਲਾਂ ਨਾਲ ਜੁੜੇ ਹੁੰਦੇ ਹਨ।

ਵਿਚਾਰ ਦੀ ਹੱਦ ਵਿਚ ਐਲਡਰਾਂ ਦੇ ਫ਼ੈਸਲੇ ਦੇ ਬਾਅਦ ਉਨ੍ਹਾਂ ਦਾ ਅਗਲਾ ਕੰਮ ਮੈਂਬਰਾਂ ਨੂੰ ਸਿਖਾਉਣਾ ਅਤੇ ਉਸ ਫ਼ੈਸਲੇ ਨੂੰ ਮੰਨ ਕੇ ਉਸ ਨੂੰ ਵਰਤੋਂ ਵਿਚ ਲਿਆਉਣਾ ਹੁੰਦਾ ਹੈ। ਜੇ ਐਲਡਰ ਜ਼ਿਆਦਾਤਰ ਮੈਂਬਰਾਂ ਤੋਂ ਉਹ ਫ਼ੈਸਲਾ ਮੰਨਵਾ ਸਕੇ, ਜੋ ਉਨ੍ਹਾਂ ਨੇ ਵਿਚਾਰ ਦੇ ਖੇਤਰ ਵਿਚ ਲਿਆ ਹੈ, ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕੁਝ ਸਮੇਂ ਉਸ ਯੋਗਤਾ ਨੂੰ ਬੰਦ ਕਰ ਦੇਣ ਜਾਂ ਆਪਣੇ ਫ਼ੈਸਲੇ ਤੇ ਮੁੜ ਤੋਂ ਵਿਚਾਰ ਕਰਣ। ਜੇ ਅਯਾਲੀ ਵਿਚਾਰ ਨਾਲ ਜੁੜੀਆਂ ਗੱਲਾਂ ਵਿਚ ਭੇਡਾਂ ਨੂੰ ਆਪਣੇ ਪਿੱਛੇ ਨਹੀਂ ਲਾ ਸਕਦੇ, ਤਾਂ ਉਨ੍ਹਾਂ ਲਈ ਇਸ ਰਾਹ ਤੇ ਬਣੇ ਰਹਿਣ ਦਾ ਕੋਈ ਲਾਭ ਨਹੀਂ ਹੋਵੇਗਾ ਅਤੇ ਨਾਉਮੀਦੀ ਹੀ ਮਿਲੇਗੀ।

## ਸਾਰ

ਜੇ ਐਲਡਰ ਖ਼ੁਦਾ ਵੱਲੋਂ ਦਿੱਤੇ ਗਏ ਕੰਮ ਨੂੰ ਸਮਝਦਾਰੀ ਨਾਲ ਖ਼ੁਦਾ ਦੇ ਤਰੀਕੇ ਨਾਲ ਪੂਰਾ ਕਰ ਲੈਂਦੇ ਹਨ, ਅਤੇ ਜੇ ਮੈਂਬਰ ਉਨ੍ਹਾਂ ਦੀ ਗੱਲ ਨੂੰ ਨਵੇਂ ਨੇਮ ਦੀ ਗੱਲ ਦੇ ਰੂਪ ਵਿਚ ਮੰਨ ਲੈਂਦੇ ਹਨ, ਤਾਂ ਕਦੇ ਕੋਈ ਵੱਡੀ ਮੁਸ਼ਕਿਲ ਨਹੀਂ ਆਵੇਗੀ।